# PM Greets President and People of Republic of Korea on the 70th Anniversary of the Outbreak of the Korean War

June 25, 2020

## ਕੋਰੀਆ ਦੇ ਰਾਸ਼ਟਰਪਤੀ ਅਤੇ ਲੋਕਾਂ ਨੂੰ ਕੋਰੀਆਈ ਜੰਗ  ਸ਼ੁਰੂ ਹੋਣ ਦੀ 70ਵੀਂ ਵਰੇਗੰਢ' ਤੇ ਪ੍ਰਧਾਨ ਮੰਤਰੀ ਨੇ ਦਿੱਤੀ ਵਧਾਈ

25 ਜੂਨ, 2020

1950 ਵਿੱਚ ਸ਼ੁਰੂ ਹੋਏ ਕੋਰੀਆਈ ਯੁੱਧ ਦੀ 70ਵੀਂ ਵਰੇਗੰਢ ਦੇ ਮੌਕੇ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕੋਰੀਆਈ ਪ੍ਰਾਇਦੀਪ ਅੰਦਰ ਸ਼ਾਂਤੀ ਦੀ ਤਾਂਘ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਲੋਕਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ।

ਇਸ ਗੰਭੀਰ ਮੌਕੇ 'ਤੇ ਕੋਰੀਆਈ ਗਣਰਾਜ ਦੇ ਸਿਓਲ ਅੰਦਰ ਹੋਏ ਇੱਕ ਯਾਦਗਾਰੀ ਸਮਾਰੋਹ ਦੌਰਾਨ ਪ੍ਰਧਾਨ ਮੰਤਰੀ ਦਾ ਵੀਡੀਓ ਸੁਨੇਹਾ ਵਿਖਾਇਆ ਗਿਆ। ਇਹ ਸਮਾਰੋਹ ਕੋਰਿਆਈ ਗਣਰਾਜ ਦੇ ਦੇਸ਼ ਭਗਤ ਅਤੇ ਸਾਬਕਾ ਫੌਜੀਆਂ ਬਾਰੇ ਮੰਤਰਾਲੇ ਵੱਲੋਂ ਕਰਵਾਇਆ ਗਿਆ, ਜਿਸਦੀ ਪ੍ਰਧਾਨਗੀ ਕੋਰਿਆਈ ਗਣਰਾਜ ਦੇ ਰਾਸ਼ਟਰਪਤੀ ਸ਼੍ਰੀ ਮੂਨ ਜੈ-ਇਨ ਨੇ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੰਦੇਸ਼ ਵਿੱਚ ਕੋਰਿਆਈ ਗਣਰਾਜ ਦੇ ਜੰਗੀ ਯਤਨਾਂ ਵਿੱਚ 60 ਪੈਰਾ ਫੀਲਡ ਹਸਪਤਾਲ ਦੀ ਸ਼ਕਲ ਵਿੱਚ ਦਿੱਤੇ ਗਏ ਭਾਰਤੀ ਯੋਗਦਾਨ ਨੂੰ ਯਾਦ ਕੀਤਾ। ਇਸ ਹਸਪਤਾਲ ਨੇ ਯੁੱਧ ਦੌਰਾਨ ਸ਼ਾਨਦਾਰ ਸੇਵਾ ਕੀਤੀ ਅਤੇ ਸੈਨਿਕਾਂ ਅਤੇ ਆਮ ਨਾਗਰਿਕਾਂ, ਦੋਵਾਂ ਨੂੰ ਜ਼ਰੂਰੀ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ ਪ੍ਰਧਾਨ ਮੰਤਰੀ ਨੇ ਕੋਰੀਆਈ ਲੋਕਾਂ ਨੂੰ ਉਨ੍ਹਾਂ ਦੇ ਸਿਰੜ, ਸਖਤ ਮਿਹਨਤ ਅਤੇ ਜੰਗ ਦੀ ਤਬਾਹੀ ਤੋਂ ਇੱਕ ਮਹਾਨ ਦੇਸ਼ ਸਿਰਜਣ ਪ੍ਰਤੀ  ਉਨ੍ਹਾਂ ਦੀ ਦ੍ਰਿੜਤਾ ਲਈ ਵਧਾਈ ਦਿੱਤੀ ਅਤੇ ਕੋਰੀਆਈ ਪ੍ਰਾਇਦੀਪ ਅੰਦਰ ਸ਼ਾਂਤੀ ਅਤੇ ਸਥਿਰਤਾ ਲਿਆਉਣ ਲਈ ਕੋਰਿਆਈ ਗਣਰਾਜ ਸਰਕਾਰ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕੋਰੀਆਈ ਪ੍ਰਾਇਦੀਪ ਅੰਦਰ ਸਦੀਵੀ ਸ਼ਾਂਤੀ ਲਈ ਭਾਰਤ ਸਰਕਾਰ ਅਤੇ ਭਾਰਤ ਵਾਸੀਆਂ ਦੀਆਂ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ।

ਇਸ ਸਮਾਰੋਹ ਦੇ ਮੌਕੇ 'ਤੇ ਰਾਸ਼ਟਰਪਤੀ ਮੂਨ ਤੋਂ ਛੁੱਟ ਕੋਰਿਆਈ ਗਣਰਾਜ ਦੇ ਰਾਸ਼ਟਰੀ ਰੱਖਿਆ ਮੰਤਰੀ, ਹੋਰ ਕੈਬਨਿਟ ਮੰਤਰੀ, ਜੰਗ ਦੌਰਾਨ ਕੋਰਿਆਈ ਗਣਰਾਜ ਦੀ ਮਦਦ ਕਰਨ ਵਾਲੇ ਦੇਸ਼ਾਂ ਦੇ ਰਾਜਦੂਤ ਅਤੇ ਕੋਰੀਆ ਦੇ ਪਤਵੰਤੇ ਸੱਜਣ ਮੌਜੂਦ ਸਨ।

ਨਵੀਂ ਦਿਲੀ
25 ਜੂਨ, 2020

DISCLAIMER: This is an approximate translation. The original is available in English on MEA’s website and may be referred to as the official press release.